# ਸੰਤ ਚ ਓਲ੍ਹਗ ਓਲ੍ਹਗਣੀ

ਆਸਾ ॥

ਸੰਤ ਤੁਝੀ ਤਨੁ ਸੰਗਤਿ ਪ੍ਰਾਨ ॥

ਸਤਿਗੁਰ ਗਿਆਨ ਜਾਨੈ ਸੰਤ ਦੇਵਾ ਦੇਵ ॥੧॥

ਇਹ ਸ਼ਬਦ ਭਗਤ ਰਵਿਦਾਸ ਜੀ ਨੇ ਉਚਾਰਣ ਕੀਤਾ ਹੈ ਅਤੇ, ਪੰਨਾ ੪੮੬ ਤੇ, ਆਸਾ ਰਾਗ ਵਿਚ ਸੁਸ਼ੋਭਿਤ ਹੈ।

-- ਭਗਤ ਜੀ ਫ਼ੁਰਮਾਣ ਕਰ ਰਹੇ ਹਨ ਕਿ ਸੰਤ ਜਨ, ਤੇਰਾ, ਭਾਵ, ਪ੍ਰਭੂ ਦਾ ਸਰੀਰ ਹੁੰਦੇ ਹਨ, ਭਾਵ, ਪ੍ਰਭੂ ਦਾ ਦ੍ਰਿਸ਼ਟਮਾਨ ਸਰੂਪ, ਸੰਤ ਹੀ ਹੁੰਦੇ ਹਨ।

ਨਿਰੰਕਾਰ ਆਪ ਆਕਾਰ ਰਹਿਤ ਅਤੇ ਅ-ਦ੍ਰਿਸ਼ਟਮਾਨ ਹੁੰਦਾ ਹੈ ਅਤੇ ਉਸ ਪ੍ਰਭੂ ਦਾ ਸਾਕਾਰ ਅਤੇ ਦ੍ਰਿਸ਼ਟਮਾਨ ਸਰੂਪ, ਸੰਤ ਹੁੰਦੇ ਹਨ। ਅਜਿਹੇ ਸੰਤਾਂ ਦੀ ਸੰਗਤ ਹੀ ਮੇਰੀ ਜਿੰਦ ਜਾਨ ਹੈ। ਸ੍ਰੀ ਗੁਰੂ ਰਾਮਦਾਸ ਸਾਹਿਬ ਦਾ ਫ਼ੁਰਮਾਣ ਹੈ - 'ਨਾਨਕ ਸੰਤ ਸੰਤ ਹਰਿ ਏਕੋ...' ਪੰਨਾ ੭੯. ਦਸਮ ਪਾਤਸ਼ਾਹ, ਬਚਿਤ੍ਰ ਨਾਟਕ ਵਿਚ ਫ਼ੁਰਮਾਣ ਕਰਦੇ ਹਨ ਕਿ ਸੰਤ ਤੇ ਹਰੀ ਦੋਵੇਂ ਇਕ ਹੀ ਹੁੰਦੇ ਹਨ, ਜਿਵੇਂ ਜਲ ਤੇ ਤਰੰਗ - 'ਹਰਿ ਹਰਿ ਜਨ ਦੁਇ ਏਕ ਹੈ ਬਿਬ ਬਿਚਾਰ ਕਛੁ ਨਾਹਿ।। ਜਲ ਤੇ ਉਪਜ ਤਰੰਗ ਜਿਉ ਜਲ ਹੀ ਬਿਖੈ ਸਮਾਹਿ।।'

-- ਅਜਿਹੇ ਸੰਤਾਂ ਤੋਂ ਹੀ ਸਚੇ ਗੁਰੂ ਦਾ ਗਿਆਨ ਪ੍ਰਾਪਤ ਹੁੰਦਾ ਹੈ ਅਤੇ ਇਹ ਸੰਤ ਹੀ ਪੂਜਯਾਂ ਵਿਚੋਂ ਪੂਜਯ ਹਨ। 'ਦੇਵ' ਸ਼ਬਦ, ਦਿਵਯ ਤੋਂ ਨਿਕਲਿਆ ਹੈ, ਭਾਵ ਚਮਕਣ ਵਾਲਾ, ਭਾਵ, ਪੂਜਣ ਜੋਗ। ਇਸੇ ਸ਼ਬਦ ਤੋਂ ਦੇਵਤਾ ਹੈ, ਇਸੇ ਲਈ ਆਦਿ ਕਾਲ ਵਿਚ ਦੇਵਤਿਆਂ ਦੀ ਪੂਜਾ ਹੁੰਦੀ ਆਈ ਹੈ।

ਸ੍ਰੀ ਗੁਰੂ ਅਰਜਨ ਸਾਹਿਬ, ਬਾਵਨ ਅਖਰੀ ਵਿਚ, ਫ਼ੁਰਮਾਣ ਕਰਦੇ ਹਨ ਕਿ ਉਸ, **ੴ**, ਅਕਾਲ ਪੁਰਖ, ਦੇ ਸਾਧੂ, ਜੋ ਸਚੇ ਗੁਰੂ ਹਨ, ਭਾਵ ਦੁਨੀਆਂ ਨੂੰ, ਪ੍ਰਭੂ ਦੇ ਮਾਰਗ ਤੇ ਚਲਾਉਣ ਵਾਲੇ ਹਨ, ਉਨ੍ਹਾਂ ਨੂੰ ਨਮਸਕਾਰ ਹੈ। 'ਰਹਾਉ' ਦੀ ਪੰਕਤੀ ਵਿਚ ਬਚਨ ਕਰਦੇ ਹਨ ਕਿ ਮੇਰੀ, ਉਸ ਦੀਨ ਦਇਆਲ ਨੂੰ ਬੇਨਤੀ

ਹੈ ਕਿ ਮੇਰਾ ਮਨ, ਅਜਿਹੇ ਸੰਤਾਂ ਦੇ ਚਰਣਾਂ ਦੀ ਧੂੜ ਬਣ ਜਾਏ - 'ਓਅੰ ਸਾਧ ਸਤਿਗੁਰ ਨਮਸਕਾਰੰ।।.. ਕਰਿ ਕਿਰਪਾ ਪ੍ਰਭ ਦੀਨ ਦਇਆਲਾ।। ਤੇਰੇ ਸੰਤਨ ਕੀ ਮਨੁ ਹੋਇ ਰਵਾਲਾ।।', ਪੰਨਾ ੨੫੦. ਇਸ ਗੁਰਵਾਕ ਦਾ ਇਹੀ ਭਾਵ ਹੈ ਕਿ ਸਾਧੂ, ਸੰਤ, ਉਸ ਅਕਾਲ ਪੁਰਖ ਦਾ ਸਰੀਰ ਤੇ ਪ੍ਰਾਣ (embodiment) ਹੁੰਦੇ ਹਨ। ਸ੍ਰੀ ਗੁਰੂ ਅਰਜਨ ਸਾਹਿਬ ਦਾ, ਪੰਨਾ ੧੧੪੨ ਤੇ, ਫ਼ੁਰਮਾਣ ਹੈ ਕਿ ਸਾਰੇ ਧਰਮ ਗ੍ਰੰਥ ਸੋਧ ਕੇ ਵੇਖ ਲਏ ਹਨ ਕਿ ਪਾਰਬ੍ਰਹਮ ਅਤੇ ਗੁਰੂ ਵਿਚ ਕੋਈ ਭੇਦ ਨਹੀਂ ਹੁੰਦਾ - 'ਨਾਨਕ ਸੋਧੇ ਸਿੰਮ੍ਰਿਤਿ ਬੇਦ।। ਪਾਰਬ੍ਰਹਮ ਗੁਰ ਨਾਹੀ ਭੇਦ।।'

ਤਾਂ ਹੀ, ਸਿਖਾਂ ਨੇ, ਸ੍ਰੀ ਗੁਰੂ ਅਰਜਨ ਸਾਹਿਬ ਅਤੇ ਹੋਰ ਗੁਰੂ ਸਾਹਿਬਾਨ ਨੂੰ ਪਾਰਬ੍ਰਹਮ ਕਰਕੇ ਨਮਸਕਾਰ ਕੀਤੀ ਹੈ - 'ਸਿਖੀ ਅਤੈ ਸੰਗਤੀ ਪਾਰਬ੍ਰਹਮੁ ਕਰਿ ਨਮਸਕਾਰਿਆ।।.. ਨਾਨਕੁ ਤੂ ਲਹਣਾ ਤੂ ਹੈ ਗੁਰੁ ਅਮਰੁ ਤੂ ਵੀਚਾਰਿਆ।।', ਪੰਨਾ ੯੬੮.

ਤਾਂ ਹੀ ਤਾਂ, ਭਗਤ ਨਾਮਦੇਵ ਜੀ, ਪੰਨਾ ੧੧੬੬ ਤੇ, ਸਪੱਸ਼ਟ ਸ਼ਬਦਾਂ ਵਿਚ ਕਹਿ ਰਹੇ ਹਨ ਕਿ ਉਨ੍ਹਾਂ ਵਿਚ ਅਤੇ ਨਾਰਾਇਣ ਵਿਚ ਕੋਈ ਅੰਤਰ ਨਹੀਂ ਹੈ - 'ਨਾਮੇ ਨਾਰਾਇਨ ਨਾਹੀ ਭੇਦੁ।।'

ਸੰਤ ਚੀ ਸੰਗਤਿ ਸੰਤ ਕਥਾ ਰਸ ॥

ਸੰਤ ਪ੍ਰੇਮ ਮਾਝੈ ਦੀਜੈ ਦੇਵਾ ਦੇਵ ॥੧॥ ਰਹਾਉ ॥

-- ਮੈਨੂੰ ਸੰਤ ਜਨਾਂ ਦੀ ਸੰਗਤਿ ਪ੍ਰਾਪਤ ਹੋਵੇ, ਸੰਤ ਜਨਾਂ ਦੇ ਬਚਨਾਂ ਵਿਚ ਮੈਨੂੰ ਰਸ ਆਵੇ, ਭਾਵ, ਉਨ੍ਹਾਂ ਦਾ ਹੁਕਮ ਮੈਨੂੰ ਮਿਠਾ ਲਗੇ, ਭਾਵ, ਮੈਂ ਮਿਠਾ ਕਰ ਕੇ ਮੰਨਾਂ।

ਭਾਵ ਇਹ ਵੀ ਕਿ ਮੈਂ ਹੋਰ ਕਿਸੇ ਅਜਿਹੇ ਦੀ ਸੰਗਤਿ ਨਾ ਕਰਾਂ ਜੋ ਤੇਰੇ ਤੋਂ ਦੂਰ ਹਨ - 'ਜੋ ਨ ਭਜੰਤੇ ਨਾਰਾਇਣਾ।। ਤਿਨ ਕਾ ਮੈ ਨ ਕਰਉ ਦਰਸਨਾ।।' ਪੰਨਾ ੧੧੬੩. ਪਾਕ **ਕੁਰਾਨ** ਸ਼ਰੀਫ਼ ਦੇ ਪਹਿਲੇ ਅਧਿਆਇ, **ਸੂਰਾ-ਤੁਲ ਫ਼ਾਤਿਹਾ** ਦੀਆਂ, ਛੇਵੀਂ ਅਤੇ ਸਤਵੀਂ ਸਤਰਾਂ ਵਿਚ ਅੰਕਤ ਹੈ ਕਿ ਹੇ ਅਲ੍ਹਾ ! ਮੈਨੂੰ ਸਿਧੇ ਰਸਤੇ ਤੇ ਤੋਰ। ਉਨ੍ਹਾਂ ਦੇ ਰਸਤੇ ਤੇ ਤੋਰ, ਜਿਨ੍ਹਾਂ ਤੇ ਤੇਰੀ ਕਿਰਪਾ ਵਰਸੀ ਹੈ, ਉਨ੍ਹਾਂ ਦੇ ਤੇ ਨਹੀਂ ਜਿਨ੍ਹਾਂ ਤੇ ਤੇਰੀ ਕ੍ਰੋਪੀ ਆਈ ਹੈ ਅਤੇ ਜੋ ਕੁਰਾਹੇ ਪਏ ਹਨ।

-- ਹੇ ਪੂਜਯਾਂ ਦੇ ਪੂਜਯ ਪ੍ਰਭੂ ! ਮੇਰੇ ਹਿਰਦੇ ਵਿਚ ਸੰਤ ਜਨਾਂ ਲਈ ਪ੍ਰੇਮ ਬਖ਼ਸ਼।੧।ਰਹਾਉ।

ਸ੍ਰੀ ਗੁਰੂ ਅਰਜਨ ਸਾਹਿਬ, ਪੰਨਾ ੧੦੦ ਤੇ ਬੇਨਤੀ ਰੂਪ ਫ਼ੁਰਮਾਣ ਕਰਦੇ ਹਨ ਕਿ ਮੇਰੇ ਤੇ ਕਿਰਪਾ ਕਰੋ ਕਿ ਮੈਂ ਭਗਤ ਜਨਾਂ ਦੇ ਪ੍ਰੇਮ ਵਿਚ ਰੰਗਿਆ ਰਹਾਂ - 'ਕਰਿ ਕਿਰਪਾ ਭਗਤਨ ਸੰਗਿ ਰਾਤੇ।।' ੮੦੧ ਪੰਨੇ ਤੇ ਬੇਨਤੀ ਫ਼ੁਰਮਾਉਂਦੇ ਹਨ - 'ਕਰਿ ਕਿਰਪਾ ਮੋਹਿ ਮਾਰਗਿ ਪਾਵਹੁ।। ਸਾਧ ਸੰਗਤਿ ਕੈ ਅੰਚਲਿ ਲਾਵਹੁ।।' ਪਾਤਸ਼ਾਹ, ੨੦੮ ਪੰਨੇ ਤੇ, ਪ੍ਰਭੂ ਨੂੰ ਸੰਤ ਦਾ ਅਸਲ, ਦਸ ਕੇ, ਪ੍ਰਭੂ ਨੂੰ ਸੰਤ ਦੀ ਸੰਗਤ ਦੀ ਪ੍ਰਾਪਤੀ ਲਈ ਅਰਜ਼ੋਈ ਕਰਦੇ ਹਨ - 'ਰਾਮ ਸੰਤ ਮਹਿ ਭੇਦੁ ਕਿਛੁ ਨਾਹੀ ਏਕੁ ਜਨੁ ਕਈ ਮਹਿ ਲਾਖ ਕਰੋਰੀ।। ਜਾ ਕੈ ਹੀਐ ਪ੍ਰਗਟੁ ਪ੍ਰਭੁ ਹੋਆ ਅਨਦਿਨੁ ਕੀਰਤਨੁ ਰਸਨ ਰਮੋਰੀ।।... ਨਾਨਕ ਕਉ ਪ੍ਰਭ ਕੀਜੈ ਕਿਰਪਾ ਉਨ ਸੰਤਨ ਕੈ ਸੰਗਿ ਸੰਗੋਰੀ।।'

ਸ੍ਰੀ ਗੁਰੂ ਰਾਮਦਾਸ ਸਾਹਿਬ, ੭੧੩ ਪੰਨੇ ਤੇ, ਫ਼ੁਰਮਾਣ ਕਰਦੇ ਕਿ ਜਿਨ੍ਹਾਂ ਨੂੰ ਆਪਣੇ ਮਨ ਵਿਚ, ਸਾਧੂ ਦਾ ਬਚਨ, ਭਾਵ ਹੁਕਮ, ਮਿਠਾ ਲਗਣ ਲਗ ਜਾਂਦਾ ਹੈ ਉਨ੍ਹਾਂ ਅਗੇ, ਪ੍ਰਭੂ, ਨਾਮ ਦਾ ਅੰਮ੍ਰਿਤ ਰਸ ਲਿਆ ਕੇ ਪਰੋਸ ਦਿੰਦਾ ਹੈ - 'ਜਿਨ ਗੁਰ ਬਚਨ ਸੁਖਾਨੇ ਹੀਅਰੈ ਤਿਨ ਆਗੈ ਆਣਿ ਪਰੀਠਾ।।'

ਪੰਨਾ ੭੧੩ ਤੇ ਸ੍ਰੀ ਗੁਰੂ ਅਰਜਨ ਸਾਹਿਬ ਦਾ ਬੇਨਤੀ ਰੂਪ ਫ਼ੁਰਮਾਣ ਹੈ ਕਿ ਤੇਰੀ ਆਗਿਆ ਅਤੇ ਤੇਰਾ ਕੀਤਾ ਮਿਠਾ ਲਗੇ - 'ਆਗਿਆ ਤੁਮਰੀ ਮੀਠੀ ਲਾਗਉ ਕੀਓ ਤੁਹਾਰੋ ਭਾਵਉ।।'

## ਸੰਤ ਆਚਰਣ ਸੰਤ ਚੋ ਮਾਰਗੁ ਸੰਤ ਚ ਓਲ੍ਹਗ ਓਲ੍ਹਗਣੀ ॥੨॥

**ਓਲ੍ਹਗ - ਦਾਸ; ਓਲ੍ਹਗਣੀ - ਦਾਸ-ਤਵ**

-- ਮੈ ਸੰਤ ਜਨਾਂ ਵਾਲੀ ਕਰਣੀ ਵਾਲੀ ਹੋਵਾਂ ਅਤੇ ਮੈਂ ਉਨ੍ਹਾਂ ਦੇ ਮਾਰਗ ਤੇ ਚਲਾਂ। ਮੈਂ ਸੰਤ ਜਨਾਂ ਦੇ ਦਾਸਾਂ ਦੀ ਦਾਸੀ ਬਣ ਕੇ ਸੇਵਾ ਕਰਾਂ। ਇਹ ਬੇਨਤੀ ਕੀਤੀ ਗਈ ਹੈ।੨।

ਸ੍ਰੀ ਗੁਰੂ ਰਾਮਦਾਸ ਸਾਹਿਬ ਬੇਨਤੀ ਕਰਦੇ ਹਨ ਕਿ ਹਰੀ ਦੇ ਸੰਤ ਜੋ ਮੈਨੂੰ ਮਾਰਗ ਦਸੀ ਜਾਣ, ਮੈਂ ਉਨ੍ਹਾਂ ਦੇ ਪਿਛੇ ਪਿਛੇ ਚਲੀ ਚਲਾਂ - 'ਹਰਿ ਕੇ ਸੰਤ ਬਤਾਵਹੁ ਮਾਰਗੁ ਹਮ ਪੀਛੈ ਲਾਗਿ ਚਲੀ।।'

ਸ੍ਰੀ ਗੁਰੂ ਅਰਜਨ ਸਾਹਿਬ, ਪੰਨਾ ੨੦੪ ਤੇ, ਉਪਦੇਸ਼ ਕਰਦੇ ਹਨ ਕਿ ਉਹ ਸੰਤ ਜੋ ਪ੍ਰਭੂ ਮਿਲਾਵੇ, ਉਸ ਦੇ ਅਗੇ ਮੈਂ ਆਪਣਾ ਮਨ, ਧਨ ਸੌਂਪ ਦੇਵਾਂ - 'ਮਨੁ ਅਰਪਉ ਧਨੁ ਰਾਖਉ ਆਗੈ ਮਨ ਕੀ ਮਤਿ ਮੋਹਿ ਸਗਲ ਤਿਆਗੀ।।' ਪੰਨਾ ੨੫੪ ਤੇ, ਉਸ ਦੇ ਦਾਸ ਦੇ ਦਾਸ ਦੇ ਸੇਵਕ ਬਣਨ ਦਾ ਉਪਦੇਸ਼ ਦਿੰਦੇ ਹਨ - 'ਛਛਾ ਛੋਹਰੇ ਦਾਸ ਤੁਮਾਰੇ।। ਦਾਸ ਦਾਸਨ ਕੇ ਪਾਨੀਹਾਰੇ।।'

ਅਉਰ ਇਕ ਮਾਗਉ ਭਗਤਿ ਚਿੰਤਾਮਣਿ ॥

ਜਣੀ ਲਖਾਵਹੁ ਅਸੰਤ ਪਾਪੀ ਸਣਿ ॥੩॥

**ਚਿੰਤਾਮਣਿ - ਮਨ ਬਾਂਛਤ ਫ਼ਲ ਦੇਣ ਵਾਲੀ ਮਣੀ, ਭਾਵ, ਭਗਤੀ ; ਸਣਿ - ਸਣੇ, ਸਮੇਤ**

-- ਮੇਰੀ, ਇਕ ਹੋਰ ਦਾਤ ਲਈ ਮੰਗ ਹੈ ਕਿ ਮੈਨੂੰ, ਮਨ ਦੀਆਂ ਸਾਰੀਆਂ ਚਿਤਵਨੀਆਂ ਨੂੰ ਪੂਰਾ ਕਰਨ ਵਾਲੀ ਮਣੀ, ਭਗਤੀ, ਦੀ ਦਾਤ ਬਖ਼ਸ਼। ਇਸੇ ਤਰ੍ਹਾਂ ਦੀ ਦਾਤ ਦੀ ਮੰਗ, ਪੰਚਮ ਪਾਤਸ਼ਾਹ ਨੇ ਵੀ ਦਸੀ ਹੈ - 'ਕਰਿ ਕਿਰਪਾ ਪ੍ਰਭੁ ਭਗਤੀ ਲਾਵਹੁ ਸਚੁ ਨਾਨਕ ਅੰਮ੍ਰਿਤੁ ਪੀਏ ਜੀਉ।।' ਪੰਨਾ ੧੦੫.

-- ਮੈਨੂੰ ਪਾਪੀ ਅਤੇ ਅਸੰਤ, ਭਾਵ, ਜੋ ਨਾਮ ਨਹੀਂ ਜਪਦੇ, ਅਤੇ ਪਾਪੀਆਂ ਸਮੇਤ, ਉਨ੍ਹਾਂ ਦੇ ਦਰਸ਼ਨ ਕਦੇ ਨਾ ਕਰਵਾਉ।੩।

ਇਹ ਸਮੁਚੇ ਤੌਰ ਤੇ ਮੰਗ ਮੰਗੀ ਗਈ ਹੈ।

ਇਸੇ ਤਰ੍ਹਾਂ ਦੀ ਬੇਨਤੀ ਭਗਤ ਨਾਮਦੇਵ ਜੀ ਨੇ ਵੀ ਕੀਤੀ ਹੈ - 'ਜੋ ਨ ਭਜੰਤੇ ਨਾਰਾਇਣਾ।। ਤਿਨ ਕਾ ਮੈ ਨ ਕਰਉ ਦਰਸਨਾ।।' ਪੰਨਾ ੧੧੬੩.

ਰਵਿਦਾਸੁ ਭਣੈ ਜੋ ਜਾਣੈ ਸੋ ਜਾਣੁ ॥

ਸੰਤ ਅਨੰਤਹਿ ਅੰਤਰੁ ਨਾਹੀ ॥੪॥੨॥

**ਭਣੈ - ਉਚਾਰਨਾ, ਬਚਨ ਕਰਨਾ ; ਅਨੰਤਹਿ - ਅਨੰਤ ਵਾਹਗੁਰੂ**

-- ਭਗਤ ਰਵਿਦਾਸ ਜੀ ਬਚਨ ਕਰਦੇ ਹਨ ਕਿ ਸੰਤ ਜਨਾਂ ਨੂੰ ਜਿਵੇਂ ਕੋਈ ਜਾਣਦਾ ਹੈ, ਜਾਣੀ ਜਾਵੇ, ਸੰਤਾਂ ਨੂੰ ਕੀ ਫ਼ਰਕ ਪੈਂਦਾ ਹੈ;

-- ਪਰ ਅਸਲ ਇਹ ਗਲ ਪਕੀ ਹੈ ਕਿ ਸੰਤ ਅਤੇ ਉਸ ਅਨੰਤ, ਸੀਮਾ ਰਹਿਤ, ਬੇਅੰਤ ਪ੍ਰਭੂ ਵਿਚ ਕੋਈ ਅੰਤਰ, ਫ਼ਰਕ, ਭੇਦ ਨਹੀਂ ਹੁੰਦਾ।

ਸ੍ਰੀ ਗੁਰੂ ਅਰਜਨ ਸਾਹਿਬ, ਪੰਨਾ ੮੬੭ ਤੇ, ਫ਼ੁਰਮਾ ਰਹੇ ਹਨ ਕਿ ਉਹੀ ਸੰਤ ਹੈ, ਜੋ ਰਾਮ ਪ੍ਰਭੂ ਨੂੰ ਭਾਅ ਗਿਆ ਅਤੇ ਸੰਤ ਅਤੇ ਗੋਬਿੰਦ ਦੇ ਉਹੀ ਕੰਮ ਹੁੰਦੇ ਹਨ, ਕੋਈ ਅੰਤਰ ਨਹੀਂ ਹੁੰਦਾ - 'ਸੋਈ ਸੰਤੁ ਜਿ ਭਾਵੈ ਰਾਮ।। ਸੰਤ ਗੋਬਿੰਦ ਕੈ ਏਕੈ ਕਾਮ।।' ਸ੍ਰੀ ਗੁਰੂ ਅਰਜਨ ਸਾਹਿਬ ਦੀ, ੨੭੨ ਪੰਨੇ ਤੇ, ਗਵਾਹੀ ਹੈ - 'ਨਾਨਕ ਸਾਧ ਪ੍ਰਭ ਭੇਦੁ ਨ ਭਾਈ।।'

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਫ਼ੁਰਮਾਣ ਹੈ ਕਿ ਹਰੀ ਤੇ ਹਰੀ ਦੇ ਜਨ ਵਿਚ ਕੋਈ ਫ਼ਰਕ ਨਹੀਂ ਹੁੰਦਾ - 'ਹਰਿ ਜਨ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ।।' ਪੰਨਾ ੧੪੨੮.

ਭਗਤ ਕਬੀਰ ਜੀ, ਪੰਨਾ ੭੯੩ ਤੇ, ਫ਼ੁਰਮਾਣ ਕਰਦੇ ਹਨ ਕਿ ਭਗਤ ਤੇ ਰਾਮ ਪ੍ਰਭੂ, ਇਕ ਹੀ ਹੁੰਦੇ ਹਨ, ਇਸ ਕਰਕੇ ਉਨ੍ਹਾਂ ਦੀ ਨਿੰਦਾ ਨਹੀਂ ਕਰਨੀ ਚਾਹੀਦੀ - 'ਸੰਤਾ ਕਉ ਮਤਿ ਕੋਈ ਨਿੰਦਹੁ ਸੰਤ ਰਾਮੁ ਹੈ ਏਕੋ।।' ਭਗਤ ਰਵਿਦਾਸ ਜੀ ਨੇ, ਪੰਨਾ ੯੩ ਤੇ, ਆਪਣੇ ਅਤੇ ਪ੍ਰਭੂ ਦੇ ਵਿਚ ਦੀ ਇਕਮਿਕਤਾ ਇੰਵ ਦਸੀ ਹੈ ਜਿਵੇਂ ਸੋਨੇ ਅਤੇ ਸੋਨੇ ਦੇ ਗਹਿਣੇ ਵਿਚ ਅਤੇ ਪਾਣੀ ਅਤੇ ਉਸ ਦੀਆਂ ਲਹਿਰਾਂ ਵਿਚ - 'ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ।। ਕਨਕ ਕਟਿਕ ਜਲ ਤਰੰਗ ਜੈਸਾ।।'



27.9.2020